**ਨਮੂਨਾ ਮੁਲਾਂਕਣ ਪੱਤਰ (ਮਾਰਚ 2024)**

**ਵਿਸ਼ਾ : ਵਾਤਾਵਰਨ ਸਿੱਖਿਆ** **ਜਮਾਤ : ਪੰਜਵੀਂ**

**ਸਕੂਲ** ..................................................................................................................

**ਵਿਦਿਆਰਥੀ ਦਾ ਨਾਂ** ........................................ **ਜਮਾਤ** ........................

**ਰੋਲ ਨੰਬਰ** .................... **ਮਿਤੀ** .........................

**ਕੁੱਲ ਅੰਕ : 80** **ਸਮਾਂ : 3 ਘੰਟੇ**

**ਸਾਰੇ ਪ੍ਰਸ਼ਨ ਜ਼ਰੂਰੀ ਹਨ।**

**(ਭਾਗ - ੳ)**

**ਸਹੀ ਵਿਕਲਪ ਉੱਤੇ ਸਹੀ (✓) ਦਾ ਨਿਸ਼ਾਨ ਲਗਾਓ।** **(20x2 =40 ਅੰਕ )**

1. **ਪੁਰਾਣੇ ਸਮੇਂ ਵਿੱਚ ਲੋਕਾਂ ਨੂੰ ਸਰੀਰਕ ਮਿਹਨਤ ਵੱਧ ਕਰਨੀ ਪੈਂਦੀ ਸੀ। ਜਦੋਂ ਕਿ ਹੁਣ ਦਿਮਾਗੀ ਸ਼ਕਤੀ ਦੀ ਵਰਤੋਂ ਵਾਲੇ ਕੰਮ ਵੱਧ ਗਏ ਹਨ? ਅਜਿਹਾ ਕਿਉਂ ਹੋ ਰਿਹਾ ਹੈ ?**

   ੳ) ਕਿਉਂਕਿ ਲੋਕ ਆਰਾਮ ਪ੍ਰਸਤ ਹੋ ਗਏ ਹਨ। ਅ) ਮਸ਼ੀਨਰੀ ਅਤੇ ਤਕਨਾਲੋਜੀ ਦੀ ਵਰਤੋਂ ਕਾਰਨ।

   ੲ) ਖੇਤੀ ਦਾ ਕਿੱਤਾ ਬੰਦ ਹੋਣ ਕਾਰਨ। ਸ) ਰੁਜ਼ਗਾਰ ਦੇ ਮੌਕੇ ਘੱਟ ਗਏ ਹਨ।

2. **ਜੇਕਰ ਤੁਹਾਡੇ ਸਕੂਲ ਵਿੱਚ ਕੋਈ ਪਰਵਾਸੀ ਬੱਚਾ ਦਾਖਲ ਹੁੰਦਾ ਹੈ ਤਾਂ ਤੁਹਾਨੂੰ ਉਸ ਨਾਲ ਕਿਹੋ ਜਿਹਾ ਵਿਵਹਾਰ ਕਰਨਾ ਚਾਹੀਦਾ ਹੈ ?**

   ੳ) ਲੜਾਈ ਕਰਨੀ ਚਾਹੀਦੀ ਹੈ। ਅ) ਗੱਲ ਨਹੀਂ ਕਰਨੀ ਚਾਹੀਦੀ।

   ੲ) ਤੰਗ ਕਰਨਾ ਚਾਹੀਦਾ ਹੈ। ਸ) ਪਿਆਰ ਅਤੇ ਸਨੇਹ ਵਾਲਾ ਵਿਵਹਾਰ।

3. **ਤੁਹਾਡੇ ਦੋਸਤ ਦੀ ਭੈਣ ਹਾਕੀ ਖੇਡਣਾ ਚਾਹੁੰਦੀ ਹੈ। ਤੁਸੀਂ ਉਸਨੂੰ ਕੀ ਕਹੋਗੇ ?**

   ੳ) ਹਾਕੀ ਕੇਵਲ ਮੁੰਡੇ ਖੇਡ ਸਕਦੇ ਹਨ।

   ਅ) ਹਾਕੀ ਖੇਡਣ ਨਾਲ ਸੱਟਾਂ ਲੱਗਦੀਆਂ ਹਨ।

   ੲ) ਹਾਕੀ ਖੇਡਣ ਲਈ ਬਹੁਤ ਤਾਕਤ ਦੀ ਲੋੜ ਹੁੰਦੀ ਹੈ।

   ਸ) ਤੁਸੀਂ ਸਾਡੇ ਨਾਲ ਖੇਡ ਸਕਦੇ ਹੋ।

4. **ਕਿਹੜੇ ਸ਼ੌਂਕ ਅੱਗੇ ਜਾ ਕੇ ਕਿੱਤਾ ਚੁਣਨ ਵਿੱਚ ਸਾਡੀ ਮਦਦ ਕਰਦੇ ਹਨ ?**

   ੳ) ਚਿੱਤਰਕਾਰੀ

   ਅ) ਫੁੱਟਬਾਲ, ਜਿਮਨਾਸਟਿਕ, ਕਬੱਡੀ ਆਦਿ ਕੋਈ ਗੇਮ ਖੇਡਣਾ

   ੲ) ਕਵਿਤਾ/ਕਹਾਣੀ ਲਿਖਣਾ

   ਸ) ਉਪਰੋਕਤ ਸਾਰੇ

Downloaded from cclchapter.com

5. **ਭਾਰਤ ਦਾ ਰਾਸ਼ਟਰੀ ਜਾਨਵਰ ............... ਅਤੇ ਰਾਸ਼ਟਰੀ ਪੰਛੀ .................... ਹੈ।**

ੳ) ਸ਼ੇਰ, ਮੋਰ ਅ) ਬਾਘ, ਬਾਜ਼ ੲ) ਬਾਘ, ਮੋਰ ਸ) ਚੀਤਾ, ਮੋਰ

6. **ਮਨੁੱਖ ਆਪਣੀ ਰੋਜ਼ੀ-ਰੋਟੀ ਲਈ ਜੰਤੂਆਂ ਦੀ ਵਰਤੋਂ ਕਰਦਾ ਹੈ। ਹੇਠ ਦਿੱਤਿਆਂ ਵਿੱਚੋਂ ਕਿਹੜਾ ਜੁੱਟ ਇਸ ਪੱਖੋਂ ਸਹੀ ਹੈ।**

ੳ) ਬਾਂਦਰ, ਘੋੜਾ, ਬਿੱਲੀ ਅ) ਬਾਂਦਰ, ਘੋੜਾ, ਚਮਗਿੱਦੜ

ੲ) ਬਾਂਦਰ, ਘੋੜਾ, ਸੱਪ ਸ) ਸੱਪ, ਘੋੜਾ, ਬਿੱਲੀ

7. **ਜੰਗਲਾਂ ਦੀ ਅੰਨ੍ਹੇਵਾਹ ਕਟਾਈ ਦਾ ਨੁਕਸਾਨ ਕਿਸਨੂੰ ਹੁੰਦਾ ਹੈ ?**

ੳ) ਆਦਿਵਾਸੀ ਲੋਕਾਂ ਨੂੰ ਅ) ਜਲ-ਚੱਕਰ ਨੂੰ

ੲ) ਜੰਗਲੀ ਜਾਨਵਰਾਂ ਨੂੰ ਸ) ਉਪਰੋਕਤ ਸਾਰੇ

8. **ਜੇਕਰ ਤੁਹਾਨੂੰ ਹੇਠ ਲਿਖਿਆਂ ਨੂੰ ਮਿਲਾਨ ਲਈ ਕਿਹਾ ਜਾਵੇ ਤਾਂ ਤੁਸੀਂ ਪ੍ਰੋਟੀਨ ਦਾ ਮਿਲਾਨ ਕਿਸ ਨਾਲ ਕਰੋਗੇ ?**

| ੳ | ਅ |
|---|---|
| ਕਾਰਬੋਹਾਈਡਰੇਟਸ | ਘਿਓ |
| ਵਿਟਾਮਿਨ ਡੀ | ਪਨੀਰ |
| ਚਰਬੀ | ਚਾਵਲ |
| ਪ੍ਰੋਟੀਨ | ਸੂਰਜ ਦੀ ਰੌਸ਼ਨੀ |

ੳ) ਸੂਰਜ ਦੀ ਰੌਸ਼ਨੀ ਅ) ਘਿਓ ੲ) ਚਾਵਲ ਸ) ਪਨੀਰ

9. **ਭੋਜਨ ਜਾਲ ਕੀ ਦਰਸਾਉਂਦਾ ਹੈ ?**

ੳ) ਬਹੁਤ ਸਾਰੀਆਂ ਭੋਜਨ ਲੜੀਆਂ।

ਅ) ਸ਼ਾਕਾਹਾਰੀ, ਮਾਸਾਹਾਰੀ ਅਤੇ ਸਰਬਆਹਾਰੀ।

ੲ) ਪੌਦੇ-ਜੰਤੂ ਅਤੇ ਜੰਤੂ-ਜੰਤੂ ਆਪਸੀ ਨਿਰਭਰਤਾ।

ਸ) ਉਪਰੋਕਤ ਸਾਰੇ।

10. **ਗ਼ਲਤ ਜੋੜੇ ਦੀ ਚੋਣ ਕਰੋ :**

ੳ) ਕਾਰਵਾਂ – ਗੱਡੀਨੁਮਾ ਘਰ

ਅ) ਤੰਬੂ – ਤਰਪਾਲ ਤੋਂ ਬਣਿਆ ਘਰ

ੲ) ਟ੍ਰੀ ਹਾਊਸ – ਦਰੱਖਤ ਦੇ ਹੇਠਾਂ ਬਣਿਆ ਘਰ

ਸ) ਬੋਟ ਹਾਊਸ – ਤੈਰਦਾ ਹੋਇਆ ਘਰ

Downloaded from cclchapter.com

11. **ਰਮਨ ਨੇ ਇੱਕ ਪਤੀਲੇ ਵਿੱਚ ਦੋ ਗਲਾਸ ਪਾਣੀ ਪਾਇਆ ਅਤੇ ਉਸ ਵਿੱਚ ਚੀਨੀ ਅਤੇ ਰੇਤ ਨੂੰ ਘੋਲਿਆ। ਫਿਰ ਉਸ ਪਾਣੀ ਨੂੰ ਗਰਮ ਕੀਤਾ ਤਾਂ ਦੇਖਿਆ ਕਿ :**

ੳ) ਪਾਣੀ ਭਾਫ਼ ਬਣਾ ਕੇ ਉੱਡ ਗਿਆ। ਅ) ਪਤੀਲੇ ਵਿੱਚ ਰੇਤ ਬਾਕੀ ਰਹਿ ਗਈ ।

ੲ) ਪਤੀਲੇ ਵਿੱਚ ਰੇਤ ਅਤੇ ਚੀਨੀ ਬਾਕੀ ਰਹਿ ਗਈ। ਸ) (ੳ) ਅਤੇ (ਅ) ਦੋਵੇਂ

12. **ਬੱਦਲ਼ ਪਾਣੀ ਦੀ ਕਿਸ ਅਵਸਥਾ (ਰੂਪ) ਨੂੰ ਦਰਸਾਉਂਦੇ ਹਨ ?**

ੳ) ਭਾਫ਼ ਅ) ਜਲ- ਵਾਸ਼ਪ ੲ) ਬਰਫ਼ ਸ) ਇਨ੍ਹਾਂ ਵਿੱਚੋਂ ਕੋਈ ਨਹੀਂ।

13. **ਮਗਰਮੱਛ ਦੀ ਪਹਿਚਾਣ ਲਈ ਸਹੀ ਵਿਕਲਪ ਚੁਣੋ:**

ੳ) ਗਲਫ਼ੜੇ ਅ) ਅੱਠ ਲੱਤਾਂ

ੲ) ਤਿੱਖੇ ਦੰਦ ਅਤੇ ਮਜ਼ਬੂਤ ਜਬਾੜਾ ਸ) ਸੁਸਤ ਜੀਵ

14. **ਊਰਜਾ ਸਰੋਤਾਂ ਦੀ ਅੰਨ੍ਹੇਵਾਹ ਵਰਤੋਂ ਕਰਨ ਨਾਲ ..................................**

ੳ) ਆਰਥਿਕ ਬੋਝ ਪੈਂਦਾ ਹੈ। ਅ) ਆਲ਼ਾ-ਦੁਆਲ਼ਾ ਪ੍ਰਦੂਸ਼ਿਤ ਹੁੰਦਾ ਹੈ।

ੲ) ੳ) ਅਤੇ ਅ) ਦੋਵੇਂ ਸ) ਉਪਰੋਕਤ ਵਿੱਚੋਂ ਕੋਈ ਨਹੀਂ।

15. **ਨਵਿਆਉਣਯੋਗ ਸਰੋਤ ਕਿਹੜੇ ਹੁੰਦੇ ਹਨ ?**

ੳ) ਜੋ ਸਮੇਂ ਨਾਲ ਕੁਦਰਤੀ ਢੰਗਾਂ ਨਾਲ ਦੁਬਾਰਾ ਪੈਦਾ ਹੁੰਦੇ ਹਨ।

ਅ) ਜੋ ਸਮੇਂ ਨਾਲ ਦੁਬਾਰਾ ਪੈਦਾ ਨਹੀਂ ਕੀਤੇ ਜਾ ਸਕਦੇ ।

ੲ) ਜੋ ਬਹੁਤ ਮਹਿੰਗੇ ਹੁੰਦੇ ਹਨ।

ਸ) ਇਨ੍ਹਾਂ ਵਿੱਚੋਂ ਕੋਈ ਨਹੀਂ।

16. **ਹਵਾ ਇੱਕ ਮਹੱਤਵਪੂਰਨ ਕੁਦਰਤੀ ਸਾਧਨ ਹੈ। ਇਸ ਨੂੰ ਪ੍ਰਦੂਸ਼ਿਤ ਹੋਣ ਤੋਂ ਰੋਕਣ ਲਈ ਵਾਹਨਾਂ ਪੱਖੋਂ ਅਸੀਂ ਕੀ ਯੋਗਦਾਨ ਪਾ ਸਕਦੇ ਹਾਂ ?**

ੳ) ਇਲੈਕਟ੍ਰਿਕ ਵਾਹਨਾਂ ਦੀ ਵਰਤੋਂ ਕਰਕੇ।

ਅ) ਵਾਹਨਾਂ ਦਾ ਸਮੇਂ-ਸਮੇਂ ਪ੍ਰਦੂਸ਼ਨ ਚੈੱਕ ਕਰਵਾ ਕੇ।

ੲ) ਪੈਦਲ ਜਾਂ ਸਾਇਕਲ ਤੇ ਜਾਣ ਦੀ ਆਦਤ ਬਣਾ ਕੇ।

ਸ) ਉਪਰੋਕਤ ਸਾਰੇ।

17. **ਪੌਦੇ ਹਵਾ ਵਿੱਚੋਂ ......................... ਸੋਖ ਕੇ ਭੋਜਨ ਬਣਾਉਂਦੇ ਹਨ।**

ੳ) ਆਕਸੀਜਨ ਅ) ਕਾਰਬਨ ਡਾਇਆਕਸਾਈਡ

ੲ) ਜਲ-ਵਾਸ਼ਪ ਸ) ਕੁਦਰਤੀ ਤੱਤ

18. **ਹੇਠ ਦਿੱਤਿਆਂ ਵਿੱਚੋਂ ਕਿਹੜਾ ਜੋੜਾ ਸਹੀ ਹੈ ?**

ੳ) ਕੱਦ – ਕਿਲੋਮੀਟਰ ਅ) ਕੱਦ - ਸੈਂਟੀਮੀਟਰ

ੲ) ਕੱਦ - ਫੁੱਟ ਅਤੇ ਇੰਚ ਸ) (ਅ) ਅਤੇ (ੲ) ਦੋਵੇਂ

19. **ਜੇਕਰ ਬਰੈਡ ਕਈ ਦਿਨਾਂ ਤੱਕ ਰਹਿਣ ਪਈ ਰਹਿਣ ਦਿੱਤੀ ਜਾਵੇ ਤਾਂ ਉਸ ਵਿੱਚ ਕੀ ਤਬਦੀਲੀ ਆਵੇਗੀ?**

Downloaded from cclchapter.com

**(ੳ) ਮਿੱਠੀ ਹੋ ਜਾਵੇਗੀ।** **(ਅ) ਉੱਲੀ ਲੱਗ ਕੇ ਖਰਾਬ ਹੋ ਜਾਵੇਗੀ ।**


**(ੲ) ਖਾਣ ਵਿੱਚ ਸੁਆਦ ਹੋ ਜਾਵੇਗੀ ।** **(ਸ) ਕੋਈ ਤਬਦੀਲੀ ਨਹੀਂ ਆਵੇਗੀ।**

**20. ਸਾਡੇ ਸਰੀਰ ਵਿੱਚ ਨਵੇਂ ਸੈੱਲ ਬਣਾਉਣ ਅਤੇ ਟੁੱਟੇ-ਭੱਜੇ ਸੈੱਲਾਂ ਦੀ ਮੁਰੰਮਤ ਦਾ ਕੰਮ ਕੌਣ ਕਰਦਾ ਹੈ ?**

ੳ) ਪਾਣੀ ਅ) ਪ੍ਰੋਟੀਨ ੲ) ਵਿਟਾਮਿਨ ਸ) ਖਇਜ ਪਦਾਰਥ

**(ਭਾਗ - ਅ )**

**21. ਦਿਮਾਗੀ ਕਸਰਤ:** **(5x1=5 ਅੰਕ)**




**22. ਸਹੀ ਕਥਨ ਦੇ ਸਾਹਮਣੇ (✓) ਅਤੇ ਗ਼ਲਤ ਕਥਨ ਦੇ ਸਾਹਮਣੇ (✗) ਦਾ ਨਿਸ਼ਾਨ ਲਗਾਓ:** **(4×1=4 ਅੰਕ)**

i) ਛੂਹ ਕੇ ਪੜ੍ਹਨ ਵਾਲੀ ਲਿਪੀ ਨੂੰ ਬ੍ਰੇਲ ਲਿਪੀ ਕਹਿੰਦੇ ਹਨ।

ii) ਅੱਜਕੱਲ੍ਹ ਖੇਤੀ ਆਧੁਨਿਕ ਸੰਦਾਂ ਨਾਲ ਕੀਤੀ ਜਾਂਦੀ ਹੈ।

iii) ਸਾਨੂੰ ਆਪਣੇ ਦਾਦਾ-ਦਾਦੀ ਕੋਲ਼ ਸਮਾਂ ਬਿਤਾਉਣਾ ਚਾਹੀਦਾ ਹੈ।

iv) ਸ਼ਹਿਦ ਦੀਆਂ ਮੱਖੀਆਂ ਝੁੰਡ ਵਿੱਚ ਰਹਿੰਦੀਆਂ ਹਨ।

Downloaded from cclchapter.com

(ਭਾਗ - ਏ )

ਹੇਠ ਲਿਖੇ ਪ੍ਰਸ਼ਨਾ ਦੇ ਉੱਤਰ 2-3 ਵਾਕਾਂ ਵਿੱਚ ਦਿਓ। (3×2 = 6 ਅੰਕ)

23. ਪਰਵਾਸੀ ਕਿਨ੍ਹਾਂ ਲੋਕਾਂ ਨੂੰ ਕਿਹਾ ਜਾਂਦਾ ਹੈ ?

24. ਭੋਜਨ ਲੜੀ ਕੀ ਹੁੰਦੀ ਹੈ ?

25. ਕੰਬਾਇਨ ਨੇ ਕਿਸਾਨ ਦੇ ਕੰਮ ਨੂੰ ਸੌਖਾ ਕਿਵੇਂ ਕਰ ਦਿੱਤਾ ਹੈ ?

ਹੇਠ ਲਿਖੇ ਪ੍ਰਸ਼ਨਾ ਦੇ ਉੱਤਰ 4-5 ਵਾਕਾਂ ਵਿੱਚ ਦਿਓ। ( 4x5 = 20 ਅੰਕ)

26. ਛੱਤਾਂ ਉੱਪਰ ਪੌਦੇ ਕਿਵੇਂ ਉੱਗ ਆਉਂਦੇ ਹਨ ?

ਜਾਂ

ਬਾਘ ਅਤੇ ਚੀਤੇ ਵਿੱਚ ਅੰਤਰ ਦੱਸੋ।

Downloaded from cclchapter.com

27. ਸਾਨੂੰ ਖੇਡਾਂ ਵਿੱਚ ਭਾਗ ਕਿਉਂ ਲੈਣਾ ਚਾਹੀਦਾ ਹੈ ?

28. ਪੰਜਾਬ ਵਿੱਚ ਝੋਨੇ ਦੀ ਬਿਜਾਈ ਖ਼ਤਰੇ ਦੀ ਘੰਟੀ ਕਿਉਂ ਹੈ ?

ਜਾਂ

ਵੇਲ੍ਹ ਮੱਛੀ ਬਾਰੇ ਤੁਸੀਂ ਕੀ ਜਾਣਦੇ ਹੋ ?

29. ਦਾਲ੍ਹਾ ਨੂੰ ਸੁਰੱਖਿਅਤ ਰੱਖਣ ਲਈ ਜ਼ਹਿਰਾਂ ਦੀ ਵਰਤੋਂ ਕਿਉਂ ਹਾਨੀਕਾਰਕ ਹੈ ?

30. ਸੁੰਦਰ ਲਿਖਾਈ। (5ਅੰਕ )

Downloaded from cclchapter.com

Downloaded from cclchapter.com